
Airo International Research Journal
Volume XIV, ISSN: 2320-3714
December, 2017
Impact Factor 0.75 to 3.19

ज्ञान-विज्ञान विमुक्तये
UGC Approval Number 63012



***Declaration of Author***

I hereby declare that the content of this research paper has been truly made by me including the title of the research paper/research article, and no serial sequence of any sentence has been copied through internet or any other source except references or some unavoidable essential or technical terms. In case of finding any patent or copy right content of any source or other author in my paper/article, I shall always be responsible for further clarification or any legal issues. For sole right content of different author or different source, which was unintentionally or intentionally used in this research paper shall immediately be removed from this journal and I shall be accountable for any further legal issues, and there will be no responsibility of Journal in any matter. If anyone has some issue related to the content of this research paper's copied or plagiarism content he/she may contact on my above mentioned email ID.

Airo International Research Journal
Volume XIV, ISSN: 2320-3714
December, 2017
Impact Factor 0.75 to 3.19
UGC Approval Number 63012

# ਪੰਜਾਬੀ ਨਾਟਕਕਾਰਾਂ ਸਬੰਧੀ ਖੋਜ-ਕਾਰਜ: ਪੁਨਰ-ਸੰਵਾਦ

## (ਚਰਨਦਾਸ ਸਿੱਧੂ, ਅਜਮੇਰ ਔਲਖ ਤੇ ਸੰਤ ਸਿੰਘ ਸੇਖੋਂ ਦੇ ਪ੍ਰਸੰਗ ਵਿਚ)

ਡਾ. ਰੁਪਿੰਦਰ ਸਿੰਘ

ਪੰਜਾਬੀ ਨਾਟਕ ਇਕ ਸਦੀ ਤੋਂ ਵੱਧ ਉਮਰ ਹੰਢਾ ਚੁੱਕਾ ਹੈ , ਜਿੱਥੇ ਪੰਜਾਬੀ ਜਨ-ਜੀਵਨ ਦੇ ਬਹੁ-ਪੱਖੀ ਪਸਾਰਾਂ ਨੂੰ ਪੰਜਾਬੀ ਨਾਟਕਕਾਰੀ ਨੇ ਕਲਾਤਮਕ ਰੂਪ ਵਿਚ ਉਭਾਰਿਆ , ਉੱਥੇ ਮਾਨਵੀ ਸੰਵੇਦਨਾਂ ਦੇ ਨਵੀਨ ਸਰੋਕਾਰਾਂ, ਮੁੱਲਾਂ ਦੀ ਸਿਰਜਨਾ ਤਹਿਤ ਵਿਭਿੰਨ ਵਿਸ਼ਿਆਂ ਨੂੰ ਆਪਣੀ ਰਚਨਾਤਮਕ ਸਮੱਗਰੀ ਵਜੋਂ ਗ੍ਰਹਿਣ ਕੀਤਾ ਹੈ। ਵਿਸ਼ਵ ਪੱਧਰ ਉੱਤੇ ਵਾਪਰਨ ਵਾਲੇ ਵਰਤਾਰੇ ਅਤੇ ਨਵੀਨ ਮੰਚੀ-ਪ੍ਰਯੋਗਾਂ ਨੂੰ ਆਤਮਸਾਤ ਕਰਦਾ, ਪੰਜਾਬੀ ਨਾਟਕ ਬੇਸ਼ੱਕ ਵੱਡੀ ਪੱਧਰ ਉੱਪਰ ਸਾਹਿਤ-ਚਿੰਤਕਾਂ ਦੀ ਆਲੋਚਨਾ ਦਾ ਆਧਾਰ ਨਹੀਂ ਬਣ ਸਕਿਆ ਪਰ ਪੰਜਾਬੀ ਨਾਟਕਕਾਰੀ ਦੇ ਇਸ ਬੇਰੋਕ ਪ੍ਰਵਾਹ ਨੇ ਕਦੇ ਥੰਮਣਾ ਨਹੀਂ ਸਿਖਿਆ।

ਪੰਜਾਬੀ ਨਾਟਕ ਨੇ ਵਿਸ਼ਵ ਪੱਧਰ 'ਤੇ ਪ੍ਰਚਲਿਤ ਹਰ ਨਾਟ-ਪ੍ਰਵਿਰਤੀ ਅਧੀਨ ਨਵੀਨ ਨਾਟ-ਤਕਨੀਕਾਂ ਨਾਲ ਆਪਣੇ ਆਪ ਨੂੰ ਜੋੜਿਆ ਵੀ ਅਤੇ ਆਪਣੇ ਵਿਰਾਸਤੀ ਅੰਸ਼ਾਂ ਦੇ ਰੂਪ ਵਿਚ ਸੰਸਕ੍ਰਿਤ ਨਾਟ-ਪਰੰਪਰਾ ਅਤੇ ਲੋਕ ਨਾਟਕ ਪਰੰਪਰਾ ਨੂੰ ਵੀ ਛੱਡਿਆ ਨਹੀਂ। ਵਿਭਿੰਨ ਨਾਟ-ਪ੍ਰਵਿਰਤੀਆਂ ਤਹਿਤ ਪੰਜਾਬੀ ਨਾਟਕਕਾਰਾਂ ਨੇ ਪੰਜਾਬੀ ਨਾਟਕ ਦੀ ਸਿਰਜਨਾ ਕਰਦਿਆਂ ਜਿੱਥੇ ਨਾਟਕ ਦੇ ਪੱਛਮੀ ਸਿਧਾਂਤਕ ਚੌਖਟੇ ਨੂੰ ਆਪਣੇ ਨਾਟ-ਮਾਡਲ ਵਜੋਂ ਸਵੀਕਾਰ ਕੀਤਾ ਉੱਥੇ ਸਥਾਨਕ ਲੋਕਧਾਰਾਈ ਸਮੱਗਰੀ ਨੂੰ ਨਾਟ-ਵਸਤੂ ਦੇ ਤੌਰ 'ਤੇ ਇਸਤੇਮਾਲ ਕੀਤਾ। ਇਸ ਤਰ੍ਹਾਂ ਪੰਜਾਬੀ ਨਾਟਕਕਾਰੀ ਨੇ ਭਾਰਤੀ ਅਤੇ ਪੱਛਮੀ ਦੋਵਾਂ ਪਰੰਪਰਾਵਾਂ ਨੂੰ ਸਮਾਨ ਰੂਪ ਵਿਚ ਗ੍ਰਹਿਣ ਕੀਤਾ ਹੈ।

ਪੰਜਾਬੀ ਨਾਟਕ ਸਬੰਧੀ ਪੀ-ਐਚ.ਡੀ. ਪੱਧਰ ਦੇ ਖੋਜ ਕਾਰਜਾਂ (ਸਾਲ 2007 ਤੱਕ) 'ਤੇ ਨਜ਼ਰ ਮਾਰੀਏ ਤਾਂ ਪੰਜਾਬੀ ਨਾਟਕਕਾਰਾਂ ਨੂੰ ਖੋਜਾਰਥੀਆਂ ਨੇ ਵਿਭਿੰਨ ਪੱਖਾਂ ਤੋਂ ਆਪਣੇ ਅਧਿਐਨ ਦਾ ਆਧਾਰ ਬਣਾਇਆ। ਇਹਨਾਂ ਖੋਜ ਕਾਰਜਾਂ ਵਿਚ ਪੰਜਾਬੀ ਨਾਟਕਕਾਰਾਂ ਸਬੰਧੀ ਅਧਿਐਨ ਦੇ ਰੁਝਾਨ ਕੁਝ ਇਸ ਪ੍ਰਕਾਰ ਦੇ ਪ੍ਰਾਪਤ ਹੁੰਦੇ ਹਨ:

## ਚਰਨਦਾਸ ਸਿੱਧੂ

ਨਾਟਕਕਾਰ ਚਰਨਦਾਸ ਸਿੱਧੂ , ਜਿਸ ਤਹਿਤ ਵਿਭਿੰਨ ਯੂਨੀਵਰਸਿਟੀਆਂ ਵਿਚ ਕੁੱਲ 10 ਖੋਜ ਕਾਰਜਾਂ ਦੀ ਨਿਸ਼ਾਨਦੇਹੀ ਹੁੰਦੀ ਹੈ , ਇਹਨਾਂ ਵਿਚੋਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ 1 ਖੋਜ ਕਾਰਜ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ 3 ਖੋਜ ਕਾਰਜ, ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ ਵਿਚ 3

ਖੋਜ ਕਾਰਜ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ ਵਿਚ 2 ਖੋਜ ਕਾਰਜ ਅਤੇ ਦਿੱਲੀ ਯੂਨੀਵਰਸਿਟੀ , ਦਿੱਲੀ ਵਿਚ 1 ਖੋਜ ਕਾਰਜ ਪ੍ਰਾਪਤ ਹੁੰਦਾ ਹੈ। ਇਸ ਸਬੰਧੀ ਖੋਜ ਕਰਨ ਵਾਲੇ ਖੋਜਾਰਥੀਆਂ ਵਿਚ ਰਵਿੰਦਰ ਸਿੰਘ, ਪਰਮਜੀਤ ਸਿੰਘ , ਅਰਵਿੰਦਰਜੀਤ ਕੌਰ , ਅਮਰਜੀਤ ਕੌਰ , ਕੰਵਲਦੀਪ ਕੌਰ , ਸੁਰਜੀਤ ਸਿੰਘ , ਸਰਬਜੀਤ ਕੌਰ ਤੇ ਕੁਸੁਮ ਬਿਡਲਾ ਦਾ ਨਾਮ ਸ਼ਾਮਿਲ ਹੈ।

ਨਾਟਕਕਾਰ ਚਰਨਦਾਸ ਸਿੱਧੂ ਸਬੰਧੀ ਮੁੱਢਲਾ ਖੋਜ ਕਾਰਜ ਸਾਲ 1994 ਵਿਚ ਖੋਜਾਰਥੀ ਰਵਿੰਦਰ ਸਿੰਘ ਨੇ ਦਿੱਲੀ ਯੂਨੀਵਰਸਿਟੀ , ਦਿੱਲੀ ਵਿਚ ਕੀਤਾ। ਉਸਨੇ ਚਰਨਦਾਸ ਸਿੱਧੂ ਦੇ ਸਿਰਫ ਤਿੰਨ ਨਾਟਕਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ , ਜਦਕਿ ਉਸਦੀ ਖੋਜ ਨਾਟਕਕਾਰ ਦੇ ਸਮੁੱਚੇ ਨਾਟ-ਜਗਤ ਨਾਲ ਸਬੰਧਿਤ ਹੈ। ਖੋਜਾਰਥੀ ਨੇ ਚਰਨਦਾਸ ਸਿੱਧੂ ਦੇ ਚੋਣਵੇਂ ਨਾਟਕਾਂ ਦਾ ਪਾਠਗਤ ਅਧਿਐਨ ਕਰਦਿਆਂ ਕੋਈ ਵਿਸ਼ੇਸ਼ ਆਲੋਚਨਾ-ਦ੍ਰਿਸ਼ਟੀ ਜਾਂ ਪਹੁੰਚ ਨੂੰ ਆਧਾਰ ਨਹੀਂ ਬਣਾਇਆ ਜਾਪਦਾ ਅਤੇ ਨਾ ਹੀ ਨਾਟ-ਰਚਨਾਵਾਂ ਦਾ ਟੈਕਸਟ ਤੋਂ ਬਾਹਰ ਸਮਾਜਿਕ-ਪ੍ਰਸੰਗ ਨਾਲ ਮੇਲ ਕੇ ਕੋਈ ਵਿਸ਼ਲੇਸ਼ਣ ਜਾਂ ਆਲੋਚਨਾਤਮਕ ਪੱਖ ਤੋਂ ਗੰਭੀਰ ਵਿਸ਼ਲੇਸ਼ਣ ਸਾਹਮਣੇ ਲਿਆਂਦਾ ਹੈ। ਉਸਦੇ ਪਾਠਮੂਲਕ ਅਧਿਐਨ ਵਿਚ ਅਜਿਹਾ ਕੋਈ ਗੰਭੀਰ ਨਾਟ-ਚਿੰਤਨ ਜਾਂ ਪੰਜਾਬੀ ਨਾਟਕ ਪਰੰਪਰਾ ਨਾਲ ਸਬੰਧਿਤ ਯਤਨ ਸਾਹਮਣੇ ਨਹੀਂ ਆਉਂਦਾ , ਜਿਸ ਨਾਲ ਪੰਜਾਬੀ ਨਾਟਕਕਾਰੀ ਵਿਚ ਚਰਨਦਾਸ ਸਿੱਧੂ ਦਾ ਸਥਾਨ ਨਿਸ਼ਚਿਤ ਕੀਤਾ ਜਾ ਸਕੇ।

ਪਰਮਜੀਤ ਸਿੰਘ ਨੇ ਚਰਨਦਾਸ ਸਿੱਧੂ ਦੇ ਨਾਟਕਾਂ ਦੀ ਭਾਸ਼ਾ ਦੇ ਸਮਾਜ-ਭਾਸ਼ਾ ਵਿਗਿਆਨਕ ਅਧਿਐਨ ਨੂੰ ਆਪਣੀ ਖੋਜ ਲਈ ਚੁਣਿਆ। ਉਸਨੇ ਚਰਨਦਾਸ ਸਿੱਧੂ ਤੋਂ ਪੂਰਵਲੀ ਨਾਟ-ਪਰੰਪਰਾ ਦਾ ਚਿਤਰਨ ਕੀਤੇ ਬਿਨਾ ਚਰਨਦਾਸ ਸਿੱਧੂ ਦੀਆਂ ਨਾਟ-ਰਚਨਾਵਾਂ ਵਿਚੋਂ ਮੈਟਾਫ਼ਰ , ਭਾਸ਼ਾਈ ਅਤੇ ਪਾਠਗਤ ਇਕਾਈਆਂ ਦਾ ਅਧਿਐਨ-ਵਿਸ਼ਲੇਸ਼ਣ ਕੀਤਾ ਹੈ। ਨਿਰੋਲ ਨਾਟਕੀ-ਪਾਠ ਆਧਾਰਿਤ ਇਹ ਅਧਿਐਨ ਨਾਟਕਕਾਰ ਸਿੱਧੂ ਦੇ ਨਾਟਕਾਂ ਵਿਚ ਦੁਆਬੀ ਬੋਲੀ ਨੂੰ ਵਿਭਿੰਨ ਆਧਾਰਾਂ ਉਪਰ ਵਰਗੀਕ੍ਰਿਤ ਕਰਦਾ ਹੋਇਆ ਸਿਰਫ਼ ਭਾਸ਼ਾਈ ਨਿਖੇੜੇ ਵੱਲ ਹੀ ਰੁਚਿਤ ਲਗਦਾ ਹੈ।

ਅਮਰਜੀਤ ਕੌਰ ਨੇ ਮਾਰਕਸਵਾਦੀ ਸਮੀਖਿਆ ਦੇ ਪੱਖ ਤੋਂ ਚਰਨਦਾਸ ਸਿੱਧੂ ਦੇ ਨਾਟਕਾਂ ਵਿਚੋਂ ਨਿਮਨ-ਵਰਗੀ ਪੇਂਡੂ ਜੀਵਨ-ਯਥਾਰਥ ਨੂੰ ਖੋਜ-ਵਿਸ਼ੇ ਵਜੋਂ ਚੁਣਿਆ ਹੈ। ਉਸਨੇ ਨਾਟਕਾਂ ਵਿਚੋਂ ਸਿਰਫ ਉਹੀ ਅੰਸ਼ ਨਿਖੇੜੇ ਹਨ , ਜਿਹੜੇ ਆਰਥਿਕਤਾ , ਰਾਜਨੀਤਕ ਪ੍ਰਬੰਧ, ਸਮਾਜਿਕ ਵਰਗ ਵਿਵਸਥਾ , ਦਲਿਤਾਂ ਨਾਲ ਭੇਦਭਾਵ ਜਾਂ ਵਖਰੇਂਵੇ ਨੂੰ ਉਭਾਰਦੇ ਹਨ। ਉਸਦਾ ਰੁਝਾਨ ਨਾਟਕਕਾਰ ਦੀਆਂ ਨਾਟ-ਕਿਰਤਾਂ ਦੇ ਨਾਟਕੀ-ਸੁਹਜ ਨੂੰ ਪਾਸੇ ਰਖਦਿਆਂ , ਮਾਰਕਸਵਾਦੀ ਫਲਸਫੇ ਨਾਲ ਟੈਕਸਟ ਨੂੰ ਸਮਾਜ ਦੇ ਵਿਭਿੰਨ ਵਰਤਾਰਿਆਂ ਨਾਲ ਜੋੜ ਕੇ ਵਿਸ਼ਲੇਸ਼ਣ ਕਰਨ ਨਾਲ ਹੈ। ਉਸਦਾ

ਰੰਗਮੰਚੀ ਸਿਧਾਂਤਕ ਸੰਕਲਪ ਨਾਟ-ਕਿਰਤਾਂ ਦੀਆਂ ਮੰਚ-ਹਦਾਇਤਾਂ ਉੱਪਰ ਹੀ ਟਿਕਿਆ ਹੋਣ ਕਰਕੇ ਖੋਜਾਰਥੀ ਕੋਈ ਵਿਸੇਸ਼ ਸਿਧਾਂਤਕ ਪਰਿਪੇਖ ਨਹੀਂ ਉਸਾਰ ਸਕੀ।

ਅਮਰਿੰਦਰ ਕੌਰ ਨੇ ਚਰਨਦਾਸ ਸਿੱਧੂ ਦੇ ਨਾਟਕਾਂ ਦਾ ਸਮਾਜਿਕ , ਆਰਥਿਕ, ਧਾਰਮਿਕ ਤੇ ਮਨੋਵਿਗਿਆਨਕ ਪੱਖਾਂ ਤੋਂ ਅਧਿਐਨ ਕੀਤਾ ਹੈ। ਖੋਜਾਰਥੀ ਦੇ ਅਧਿਐਨ ਦਾ ਕੇਂਦਰ ਸਿਰਫ ਵਸਤੂਮੂਲਕ ਸਮੱਗਰੀ ਨੂੰ ਵਖਰਾਉਣਾ ਹੀ ਰਹਿੰਦਾ ਹੈ। ਕਿਸੇ ਵੀ ਖੋਜ/ਅਧਿਐਨ ਵਿਚ ਕਿਸੇ ਸਿਧਾਂਤ ਦੀ ਰੋਸ਼ਨੀ ਵਿਚ ਹੀ ਸਾਰਥਿਕ ਤੇ ਵਿਗਿਆਨਕ ਸਿੱਟਿਆਂ ਤੱਕ ਪਹੁੰਚਿਆ ਜਾ ਸਕਦਾ ਹੈ , ਪਰ ਬਿਨਾਂ ਕਿਸੇ ਗੰਭੀਰ ਸਿਧਾਂਤਕ-ਵਿਸ਼ਲੇਸ਼ਣ ਤੋਂ ਨਿਰੋਲ ਨਾਟਕੀ-ਪਾਠ ਦੇ ਕਥਾ-ਪ੍ਰਸੰਗਾਂ ਨੂੰ ਨਿਖੇੜ ਲੈਣਾ ਹੀ ਕਾਫੀ ਨਹੀਂ ਹੁੰਦਾ , ਬਲਕਿ ਉਹਨਾਂ ਅੰਸ਼ਾਂ ਦੀ ਸਿਧਾਂਤਕ/ਆਲੋਚਨਾਤਮਕ ਪਹੁੰਚ ਰਾਹੀਂ ਢੁੱਕਵੀਂ ਵਿਆਖਿਆ/ਮੁਲਾਂਕਣ/ਸਮੀਖਿਆ ਵੀ ਜਰੂਰੀ ਹੁੰਦੀ ਹੈ ਤਾਂ ਕਿ ਖੋਜ/ਅਧਿਐਨ ਦਾ ਪ੍ਰਯੋਜਨ ਪੂਰਾ ਹੋ ਸਕੇ।

ਕੰਵਲਦੀਪ ਕੌਰ ਨੇ ਚਰਨਦਾਸ ਸਿੱਧੂ ਸਮੇਤ ਚਾਰ ਪੰਜਾਬੀ ਨਾਟਕਕਾਰਾਂ (ਚਰਨਦਾਸ ਸਿੱਧੂ , ਗੁਰਚਰਨ ਜਸੂਜਾ , ਗੁਰਸ਼ਰਨ ਸਿੰਘ ਤੇ ਅਜਮੇਰ ਔਲਖ) ਦੇ ਨਾਟਕਾਂ ਵਿਚੋਂ ਦਲਿਤ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ। ਉਸਨੇ ਆਪਣੇ ਅਧਿਐਨ ਵਿਚ ਨਾਟਕਕਾਰਾਂ ਦੀਆਂ ਨਾਟ-ਕਿਰਤਾਂ ਦੇ ਕੇਵਲ ਉਨ੍ਹਾਂ ਪ੍ਰਸੰਗਾਂ ਦਾ ਹੀ ਵਿਸ਼ਲੇਸ਼ਣ ਕੀਤਾ ਹੈ , ਜਿਹਨਾਂ ਦਾ ਸਬੰਧ ਦਲਿਤ ਸਰੋਕਾਰਾਂ ਨਾਲ ਜੁੜਦਾ ਹੈ।

ਸੁਰਜੀਤ ਸਿੰਘ ਦਾ ਖੋਜ ਕਾਰਜ ਮੌਲਿਕ ਵਿਚਾਰਾਂ/ਰਾਵਾਂ ਉੱਪਰ ਆਧਾਰਿਤ ਨਾ ਹੋ ਕੇ ਪੂਰਵਲੀ ਚਰਨਦਾਸ ਸਿੱਧੂ ਸਬੰਧੀ ਹੋਈ ਨਾਟ-ਖੋਜ ਨੂੰ ਹੀ ਵਰਤਦਾ ਹੈ। ਉਸਨੇ ਆਪਣੇ ਖੋਜ-ਪ੍ਰਬੰਧ ਦਾ ਪ੍ਰਥਮ ਅਧਿਆਇ ਸੰਪੂਰਨ ਤੌਰ 'ਤੇ ਹੂ-ਬ-ਹੂ ਆਪਣੇ ਤੋਂ ਪਹਿਲਾਂ ਹੋ ਚੁੱਕੇ ਖੋਜਾਰਥੀ ਕੁਲਵੰਤ ਸਿੰਘ ਦੇ ਖੋਜ-ਪ੍ਰਬੰਧ (ਕੁਲਵੰਤ ਸਿੰਘ , ਸੱਤਵੇਂ ਦਹਾਕੇ ਦੇ ਪੰਜਾਬੀ ਨਾਟਕ ਦਾ ਪ੍ਰਵ੍ਰਿਤੀਮੂਲਕ ਅਧਿਐਨ) ਵਿਚੋਂ ਉਤਾਰਾ ਕੀਤਾ ਹੈ। ਜਿਸ ਖੋਜਾਰਥੀ ਦੀ ਅਧਿਐਨ-ਦ੍ਰਿਸ਼ਟੀ ਹੀ ਮੌਲਿਕ ਨਾ ਹੋ ਕੇ ਨਕਲ ਕੀਤੀ ਗਈ ਹੋਵੇ , ਉਸ ਤੋਂ ਕਿਸੇ ਗੰਭੀਰ ਅਧਿਐਨ ਵਿਸ਼ਲੇਸ਼ਣ ਦੀ ਆਸ ਨਹੀਂ ਕੀਤੀ ਜਾ ਸਕਦੀ।

ਸਰਬਜੀਤ ਕੌਰ ਨੇ ਵੀ ਮੌਲਿਕਤਾ ਤੋਂ ਪਾਸਾ ਵੱਟਦਿਆਂ 'ਚਰਨਦਾਸ ਸਿੱਧੂ ਦਾ ਥੀਮਿਕ ਤੇ ਵਿਧਾਗਤ ਅਧਿਐਨ' ਵਿਸ਼ੇ ਤਹਿਤ ਆਪਣੀ ਖੋਜ ਦਾ ਪ੍ਰਥਮ ਅਧਿਆਇ ਆਪਣੇ ਤੋਂ ਪੂਰਵਲੀ ਨਾਟ-ਖੋਜ ਵਿਚੋਂ ਖੋਜਾਰਥੀ ਜਸਵੀਰ ਸਿੰਘ ਦੇ ਖੋਜ-ਪ੍ਰਬੰਧ (ਅਜਮੇਰ ਔਲਖ ਦੇ ਨਾਟਕਾਂ ਦਾ ਥੀਮਿਕ ਤੇ ਵਿਧਾਮੂਲਕ ਅਧਿਐਨ) ਵਿਚੋਂ ਉਤਾਰਾ ਕੀਤਾ ਹੈ। ਖੋਜ ਦੀ ਪਹਿਲੀ ਸ਼ਰਤ ਹੀ ਮੌਲਿਕ ਸਿੱਟਿਆਂ ਤੱਕ ਪਹੁੰਚ ਕਰਨੀ ਹੁੰਦੀ ਹੈ, ਪਰ ਅਜਿਹੇ ਖੋਜ ਕਾਰਜਾਂ ਨੂੰ ਖੋਜ ਦੇ ਘੇਰੇ ਤੋਂ ਬਾਹਰ ਰੱਖ ਕੇ ਹੀ ਵੇਖਣਾ ਚਾਹੀਦਾ ਹੈ।

ਕੁਸਮ ਬਿਡਲਾ ਨੇ ਚਰਨਦਾਸ ਸਿੱਧੂ ਦੇ ਨਾਟਕਾਂ ਵਿਚੋਂ ਮਿੱਥ , ਪਰੰਪਰਾ ਅਤੇ ਇਤਿਹਾਸ ਦੇ ਰੂਪਾਂਤਰਣ ਸਬੰਧੀ ਖੋਜ ਕਾਰਜ ਕੀਤਾ ਹੈ। ਇਹ ਅਧਿਐਨ ਮਿੱਥ, ਇਤਿਹਾਸ ਤੇ ਪਰੰਪਰਾ ਦਾ ਸ਼ਬਦ ਤੋਂ ਸੰਕਲਪ ਤੱਕ ਵਿਸਥਾਰ ਨਾਲ ਵਰਣਨ ਕਰਦਾ ਹੈ, ਪਰ ਰੂਪਾਂਤਰਣ ਪ੍ਰਕਿਰਿਆ ਦੇ ਕਿਸੇ ਸਿਧਾਂਤਕ ਆਧਾਰ ਨੂੰ ਸਪੱਸ਼ਟ ਨਹੀਂ ਕਰ ਪਾਉਂਦਾ।

ਨਾਟਕਕਾਰ ਚਰਨਦਾਸ ਸਿੱਧੂ ਸਬੰਧੀ ਖੋਜਾਰਥੀਆਂ ਨੇ ਆਪਣੇ ਖੋਜ ਕਾਰਜ ਵਿਚ ਮਿੱਥ ਦੇ ਰੂਪਾਂਤਰਣ , ਮਾਰਕਸਵਾਦੀ ਦ੍ਰਿਸ਼ਟੀਕੋਣ ਵਿਚਲੇ ਨਾਟ-ਸਰੋਕਾਰਾਂ ਦੀ ਪੇਸ਼ਕਾਰੀ ਅਤੇ ਰੰਗਮੰਚੀ ਪ੍ਰਦਰਸ਼ਨ ਯੋਗਤਾ ਨੂੰ ਚਰਨਦਾਸ ਸਿੱਧੂ ਦੀਆਂ ਵਿਸ਼ੇਸਤਾਵਾਂ ਵਜੋਂ ਉਭਾਰਿਆ ਹੈ। ਜ਼ਿਆਦਾਤਰ ਖੋਜਾਰਥੀਆਂ ਨੇ ਸਿੱਧੂ ਦੇ ਨਾਟਕਾਂ ਨੂੰ ਗੰਭੀਰ ਚਿੰਤਨ-ਮੰਥਨ ਨਾਲ ਜੁੜੇ ਅਧਿਐਨ ਦੀ ਥਾਂ ਸਤਹੀ-ਪਧਰੀ ਵਿਸ਼ਲੇਸ਼ਣ ਕਰਨ ਵਿਚ ਹੀ ਸੀਮਤ ਕੀਤਾ ਹੈ।

## ਅਜਮੇਰ ਔਲਖ

ਪੰਜਾਬੀ ਨਾਟਕਕਾਰ ਅਜਮੇਰ ਔਲਖ ਸਬੰਧੀ ਵਿਭਿੰਨ ਯੂਨੀਵਰਸਿਟੀਆਂ ਵਿਚ ਕੁੱਲ 6 ਖੋਜ ਕਾਰਜ ਪ੍ਰਾਪਤ ਹੁੰਦੇ ਹਨ। ਇਸ ਨਾਟਕਕਾਰ ਨੂੰ ਆਪਣੇ ਖੋਜ-ਵਿਸ਼ੇ ਵਜੋਂ ਅਪਣਾਉਣ ਵਾਲੇ ਖੋਜਾਰਥੀਆਂ ਵਿਚ ਅਰਵਿੰਦਰਜੀਤ ਕੌਰ , ਜੁਗਨੂੰ, ਜਸਬੀਰ ਸਿੰਘ , ਕੰਵਲਦੀਪ ਕੌਰ, ਗੁਰਜੀਤ ਕੌਰ ਅਤੇ ਨੀਲਮ ਸ਼ਰਮਾ ਦਾ ਨਾਮ ਸ਼ਾਮਿਲ ਹੈ।

ਇਸ ਦਿਸ਼ਾ 'ਚ ਪ੍ਰਥਮ ਖੋਜ ਕਾਰਜ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਖੋਜਾਰਥੀ ਅਰਵਿੰਦਰਜੀਤ ਕੌਰ ਨੇ ਸਾਲ 1997 ਵਿਚ ਕੀਤਾ। ਉਸਨੇ ਨਾਟਕਕਾਰ ਆਤਮਜੀਤ ਅਤੇ ਚਰਨਦਾਸ ਸਿੱਧੂ ਸਮੇਤ ਅਜਮੇਰ ਔਲਖ ਦੇ ਨਾਟਕਾਂ ਵਿਚ ਸਮਾਜਿਕ ਯਥਾਰਥ ਵਿਭਿੰਨ ਪ੍ਰਸੰਗਾਂ ਦਾ ਅਧਿਐਨ ਕੀਤਾ ਹੈ।

ਜੁਗਨੂੰ ਨੇ ਨਾਟਕਕਾਰ ਅਜਮੇਰ ਔਲਖ ਦੇ ਨਾਟਕਾਂ ਦਾ ਸਮਾਜ-ਸ਼ਾਸਤਰੀ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕਰਨ ਦਾ ਯਤਨ ਕੀਤਾ ਹੈ। ਉਸਦੇ ਅਧਿਐਨ ਦੀ ਰੁਚੀ ਜ਼ਿਆਦਾਤਰ ਸਮਾਜ-ਸ਼ਾਸਤਰੀ ਵਿਧੀ ਦੇ ਸਿਧਾਂਤਕ ਪੱਖ ਵੱਲ ਜ਼ਿਆਦਾ ਉਲਾਰ ਰਹਿੰਦੀ ਹੈ, ਇਸ ਕਰਕੇ ਔਲਖ ਦੀਆਂ ਨਾਟ-ਰਚਨਾਵਾਂ ਦੇ ਰੂਪਕ ਪੱਖ ਅਤੇ ਨਾਟਕੀ-ਸੁਹਜ ਪ੍ਰਤੀ ਕੋਈ ਗੰਭੀਰ ਚਰਚਾ ਸਾਹਮਣੇ ਨਹੀਂ ਆਉਂਦੀ। ਉਸਨੇ ਅਜਮੇਰ ਔਲਖ ਦੇ ਨਾਟਕਾਂ ਦੇ ਰੰਗਮੰਚੀ ਪੱਖ ਦਾ ਅਧਿਐਨ ਮਹਿਜ਼ ਨਾਟਕੀ-ਪਾਠ ਨੂੰ ਆਧਾਰ ਬਣਾ ਕੇ ਕੀਤਾ ਹੈ।

ਅਗਲਾ ਖੋਜ ਕਾਰਜ ਜਸਬੀਰ ਸਿੰਘ ਦਾ ਪ੍ਰਾਪਤ ਹੁੰਦਾ ਹੈ , ਜਿਸਨੇ ਅਜਮੇਰ ਔਲਖ ਦੇ ਨਾਟਕਾਂ ਨੂੰ ਥੀਮ ਵਿਗਿਆਨਕ ਆਲੋਚਨਾ-ਦ੍ਰਿਸ਼ਟੀ ਦੀ ਰੋਸ਼ਨੀ ਵਿਚ ਅਧਿਐਨ ਕੀਤਾ ਹੈ। ਉਸਦਾ ਅਧਿਐਨ 'ਚ ਮੁੱਖ ਰੁਝਾਨ ਅਧਿਐਨ ਵਿਧੀ ਦੀਆਂ ਸਿਧਾਂਤਕ ਪੱਧਤੀਆਂ

ਅੰਤਰਗਤ ਨਾਟਕੀ-ਪਾਠ ਵਿਚੋਂ ਪ੍ਰਸੰਗਮੂਲਕ ਅੰਸ਼ਾਂ ਨੂੰ ਵਖਰਾਉਣ ਵੱਲ ਹੀ ਸੇਧਿਤ ਹੈ।

ਜਿੱਥੇ ਕੰਵਲਜੀਤ ਕੌਰ ਕਈ ਹੋਰਨਾ ਨਾਟਕਕਾਰਾਂ (ਗੁਰਚਰਨ ਜਸੂਜਾ, ਗੁਰਸ਼ਰਨ ਸਿੰਘ ਤੇ ਚਰਨਦਾਸ ਸਿੱਧੂ) ਸਮੇਤ ਅਜਮੇਰ ਔਲਖ ਦੇ ਨਾਟਕਾਂ ਵਿਚੋਂ ਦਲਿਤ ਸਰੋਕਾਰਾਂ ਦਾ ਅਧਿਐਨ ਕਰਦੀ ਨਿਰੋਲ ਪਾਠਮੂਲਕ ਵੇਰਵੇ ਨਿਖੇੜਨ ਤੱਕ ਮਹਿਦੂਦ ਰਹਿੰਦੀ ਹੈ, ਉੱਥੇ ਖੋਜਾਰਥੀ ਗੁਰਜੀਤ ਕੌਰ ਨੇ ਕਈ ਨਾਟਕਕਾਰਾਂ (ਚਰਨਦਾਸ ਸਿੱਧੂ , ਆਤਮਜੀਤ ਤੇ ਸਤੀਸ਼ ਕੁਮਾਰ ਵਰਮਾ) ਸਮੇਤ ਅਜਮੇਰ ਔਲਖ ਦੇ ਨਾਟਕਾਂ ਵਿਚ ਮਾਨਵੀ ਰਿਸ਼ਤਿਆਂ ਦਾ ਆਲੋਚਨਾਤਮਕ ਦੀ ਬਜਾਏ ਸਮੀਖਿਆਤਮਕ ਅਧਿਐਨ ਹੀ ਪ੍ਰਸਤੁਤ ਕੀਤਾ ਹੈ। ਉਸਦੇ ਅਧਿਐਨ ਵਿਚ ਵਿਭਿੰਨ ਸਮਾਜਿਕ ਰਿਸ਼ਤਿਆਂ ਦੀਆਂ ਬਣਤਰਾਂ ਨੂੰ ਚਿਤਰਨ ਵੱਲ ਕਿਸੇ ਆਲੋਚਨਾਤਮਕ ਪਹੁੰਚ ਦੀ ਅਣਹੋਂਦ ਹੀ ਜਾਪਦੀ ਹੈ।

ਨੀਲਮ ਸ਼ਰਮਾ ਨੇ ਅਸਤਿਤ੍ਵਵਾਦੀ ਚਿੰਤਨ-ਵਿਧੀ ਦੀ ਸਿਧਾਂਤਕ ਅਗਵਾਈ ਵਿਚ ਅਜਮੇਰ ਸਿੰਘ ਔਲਖ ਤੇ ਸੁਰਜੀਤ ਸਿੰਘ ਸੇਠੀ ਦੀਆਂ ਨਾਟ-ਰਚਨਾਵਾਂ ਦਾ ਅਧਿਐਨ ਪ੍ਰਸਤੁਤ ਕੀਤਾ ਹੈ। ਉਸਦੇ ਅਧਿਐਨ ਵਿਚ ਨਾਟਕੀ-ਚੇਤਨਾ ਦਾ ਅਭਾਵ ਝਲਕਦਾ ਹੈ , ਜਿਸ ਕਰਕੇ ਉਸਦਾ ਰੁਝਾਨ ਅਸਤਿਤਵਵਾਦੀ ਸਿਧਾਂਤਕ ਪੱਧਤੀਆਂ ਨਾਲ ਨਾਟ-ਪਾਤਰਾਂ ਨੂੰ ਵਿਸ਼ਲੇਸ਼ਤ ਕਰਨ ਵੱਲ ਹੀ ਵਧੇਰੇ ਰਹਿੰਦਾ ਹੈ।

ਅਜਮੇਰ ਔਲਖ ਦੀਆਂ ਨਾਟ-ਰਚਨਾਵਾਂ ਨੂੰ ਜ਼ਿਆਦਾਤਰ ਖੋਜਾਰਥੀ ਆਪਣੇ ਅਧਿਐਨ ਵਿਚ ਸ਼ਾਮਿਲ ਕਰਦੇ ਹਨ। ਤਕਰੀਬਨ ਸਾਰੇ ਖੋਜਾਰਥੀਆਂ ਦੇ ਅਧਿਐਨ-ਵਿਸ਼ਲੇਸ਼ਣ ਵਿਚ ਔਲਖ ਦੀ ਵਿਲੱਖਣ ਨਾਟਕੀ ਵਿਸ਼ੇਸਤਾ ਵਜੋਂ ਮਲਵਈ ਉਪ-ਭਾਸ਼ਾ ਦੀ ਵਰਤੋਂ ਨੂੰ ਹੀ ਮੰਨਿਆ ਗਿਆ ਹੈ। ਨਾਟਕਕਾਰ ਅਜਮੇਰ ਔਲਖ ਦੀਆਂ ਨਾਟ-ਰਚਨਾਵਾਂ ਦੇ ਰੂਪਕ ਪੱਖ ਤੋਂ ਅਧਿਐਨ ਕਰਨ ਵੱਲ ਖੋਜਾਰਥੀਆਂ ਨੇ ਬਹੁਤ ਘੱਟ ਰੁਚੀ ਵਿਖਾਈ ਹੈ।

## ਸੰਤ ਸਿੰਘ ਸੇਖੋਂ

ਪੰਜਾਬੀ ਨਾਟਕਕਾਰ ਸੰਤ ਸਿੰਘ ਸੇਖੋਂ ਸਬੰਧੀ ਵਿਭਿੰਨ ਯੂਨੀਵਰਸਿਟੀਆਂ ਵਿਚ ਕੁੱਲ 6 ਖੋਜ-ਪ੍ਰਬੰਧ ਪ੍ਰਾਪਤ ਹੁੰਦੇ ਹਨ। ਇਹਨਾਂ ਖੋਜ ਕਾਰਜਾਂ ਨਾਲ ਸਬੰਧਿਤ ਖੋਜਾਰਥੀਆਂ ਵਿਚ ਸਤਪਾਲ ਕੌਰ , ਜਸਪਾਲ ਸਿੰਘ ਮਾਨ, ਮਨਜੀਤ ਕੌਰ, ਸਾਹਿਬ ਸਿੰਘ, ਹਰਜੀਤ ਕੌਰ ਤੇ ਪ੍ਰਵੀਨ ਕੁਮਾਰੀ ਦਾ ਨਾਮ ਸ਼ਾਮਿਲ ਹੈ।

ਸਤਪਾਲ ਕੌਰ ਦਾ ਖੋਜ ਕਾਰਜ ਸਿਰਫ ਸੰਤ ਸਿੰਘ ਸੇਖੋਂ ਸਬੰਧੀ ਪ੍ਰਥਮ ਖੋਜ ਕਾਰਜ ਹੀ ਨਹੀਂ ਬਲਕਿ ਪੰਜਾਬੀ ਨਾਟਕ ਖੋਜ ਵਿਚ ਕਿਸੇ ਇਕ ਨਾਟਕਕਾਰ ਸਬੰਧੀ ਵਿਅਕਤੀਗਤ ਪੱਧਰ 'ਤੇ ਹੋਇਆ ਪ੍ਰਥਮ ਖੋਜ ਕਾਰਜ ਵੀ ਹੈ। ਉਸਨੇ ਸਾਲ 1986 ਵਿਚ ਦਿੱਲੀ ਯੂਨੀਵਰਸਿਟੀ, ਦਿੱਲੀ ਅਧੀਨ ਸੰਤ ਸਿੰਘ ਸੇਖੋਂ ਦੇ ਨਾਟਕਾਂ ਦੇ ਆਲੋਚਨਾਤਮਕ ਅਧਿਐਨ ਨਾਲ ਜੁੜਿਆ

ਖੋਜ ਕਾਰਜ ਕੀਤਾ। ਖੋਜਾਰਥੀ ਦਾ ਇਹ ਅਧਿਐਨ ਭਾਰਤੀ ਅਤੇ ਯੂਨਾਨੀ ਨਾਟ-ਸੰਕਲਪ ਅਤੇ ਨਾਟ-ਪਰੰਪਰਾਵਾਂ ਤਹਿਤ ਵਿਭਿੰਨ ਨਾਟ-ਪ੍ਰਵਿਰਤੀਆਂ ਨੂੰ ਤਾਂ ਚਿਤਰਦਾ ਹੈ , ਪਰ ਨਾਟਕਕਾਰ ਸੇਖੋਂ ਨਾਲ ਜੁੜੀ ਮਾਰਕਸਵਾਦੀ ਆਲੋਚਨਾ- ਦ੍ਰਿਸ਼ਟੀ ਅਨੁਸਾਰ ਨਾਟ-ਕਿਰਤਾਂ ਨੂੰ ਕਿਤੇ ਵੀ ਵਿਸ਼ਲੇਸ਼ਤ ਨਹੀਂ ਕਰਦਾ। ਉਹ ਸੇਖੋਂ ਦੇ ਨਾਟਕਾਂ ਨੂੰ ਰੰਗਮੰਚੀ-ਵਿਹੂਣੇ ਤੇ ਬੌਧਿਕ ਵਾਰਤਾਲਾਪ ਕਾਰਨ ਸੰਚਾਰ ਪੱਖੋਂ ਅਸਮੱਰਥ ਰਹਿਣ ਦੀਆਂ ਪੂਰਵਲੀਆਂ ਰਾਵਾਂ ਤੋਂ ਅਗਾਂਹ ਕੋਈ ਨਵੀਨ ਰਾਏ ਨਹੀਂ ਉਭਾਰ ਸਕਿਆ।

ਜਸਪਾਲ ਸਿੰਘ ਮਾਨ ਦਾ ਖੋਜ ਕਾਰਜ ਸਮੁੱਚੇ ਸੇਖੋਂ-ਸਾਹਿਤ ਦਾ ਸਾਂਸਕ੍ਰਿਤਕ ਅਧਿਐਨ ਕਰਨ ਵੱਲ ਰੁਚਿਤ ਹੈ, ਜਿਸ ਵਿਚ ਸੇਖੋਂ ਰਚਿਤ ਨਾਟ-ਸਾਹਿਤ ਨੂੰ ਇਕ ਹਿੱਸੇ ਵਜੋਂ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ। ਖੋਜਾਰਥੀ ਨੇ ਸੇਖੋਂ ਦੇ ਨਾਟਕਾਂ ਤੇ ਇਕਾਂਗੀਆਂ ਵਿਚੋਂ ਸਾਂਸਕ੍ਰਿਤਕ ਚੇਤਨਾ ਦੇ ਮੂਲ ਆਧਾਰਾਂ ਦੀ ਨਿਸ਼ਾਨਦੇਹੀ ਕੀਤੀ ਹੈ ਅਤੇ ਉਸਦੇ ਪਾਤਰਾਂ ਨੂੰ ਪੁਰਾਤਨ ਸੰਸਕ੍ਰਿਤੀ ਦੇ ਸਥਾਪਿਤ ਮੁੱਲਾਂ ਦੇ ਸਮਾਨੰਤਰ ਨਵੀਨ ਮੁੱਲ ਸਿਰਜਣ ਵਾਲੇ ਤੇ ਦੁਖਾਂਤ ਦੇ ਸ਼ਿਕਾਰ ਪਾਤਰਾਂ ਵਜੋਂ ਵਿਸ਼ਲੇਸ਼ਤ ਕੀਤਾ ਹੈ।

ਮਨਜੀਤ ਕੌਰ ਨੇ ਕਈ ਨਾਟਕਕਾਰਾਂ ਸਮੇਤ ਸੰਤ ਸਿੰਘ ਸੇਖੋਂ ਦੇ ਨਾਟਕਾਂ ਵਿਚਲੇ ਇਸਤਰੀ ਪਾਤਰਾਂ ਨੂੰ ਆਲੋਚਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਹੈ। ਉਸਨੇ ਸੇਖੋਂ ਦੀਆਂ ਨਾਟ-ਕਿਰਤਾਂ ਆਧਾਰਿਤ ਪਰੰਪਰਾਗਤ ਕੀਮਤਾਂ ਵਾਲੇ , ਸਮਕਾਲੀ ਸਮਾਜ ਵਿਵਸਥਾ ਵਿਚ ਜਕੜੇ , ਆਧੁਨਿਕ ਵਿਚਾਰਾਂ ਦੇ ਧਾਰਨੀ, ਇਤਿਹਾਸਕ, ਪ੍ਰੀਤ-ਗਾਥਾਵਾਂ ਵਾਲੇ ਅਤੇ ਮਿਥਿਹਾਸਕ ਇਸਤਰੀ ਪਾਤਰ ਜਿਹੇ ਵਰਗਾਂ ਵਿਚ ਵੰਡ ਕੇ ਵਿਸ਼ਲੇਸ਼ਤ ਕੀਤਾ ਹੈ।

ਸਾਹਿਬ ਸਿੰਘ ਨੇ ਸੰਤ ਸਿੰਘ ਸੇਖੋਂ ਅਤੇ ਹਰਚਰਨ ਸਿੰਘ ਦੋਵਾਂ ਨਾਟਕਕਾਰਾਂ ਦੇ ਇਤਿਹਾਸਕ ਨਾਟਕਾਂ ਦੀ ਇਤਿਹਾਸ ਚੇਤਨਾ ਦਾ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਹੈ। ਉਸਨੇ ਪੱਛਮੀ ਨਾਟ-ਸੰਕਲਪ ਨੂੰ ਸਾਹਮਣੇ ਰੱਖਦਿਆਂ , ਇਤਿਹਾਸਕ ਨਾਟਕਾਂ ਦੇ ਸਿਧਾਂਤਕ ਚੌਖਟੇ ਦੀ ਉਸਾਰੀ ਕੀਤੀ ਹੈ ਅਤੇ ਇਹਨਾਂ ਸਿਧਾਂਤਕ ਪੱਧਤੀਆਂ ਵਿੱਚ ਸੇਖੋਂ ਦੇ ਨਾਟਕਾਂ ਦੀ ਇਤਿਹਾਸਕਤਾ ਨੂੰ ਪਰਖਿਆ ਹੈ। ਉਸਦਾ ਰੁਝਾਨ ਵਧੇਰੇ ਕਰਕੇ ਇਤਿਹਾਸਕ ਨਾਟਕਾਂ ਵਿਚਲੀ ਤੱਥਗਤ ਜਾਣਕਾਰੀ ਨੂੰ ਵਿਸ਼ਲੇਸ਼ਤ ਕਰਨ ਵੱਲ ਹੋ ਜਾਂਦਾ ਹੈ , ਜਿਸ ਕਰਕੇ ਸੇਖੋਂ ਦੀ ਇਤਿਹਾਸਕ ਨਾਟਕਾਂ ਨੂੰ ਚਿਤਰਨ ਦੀ ਯੋਗਤਾ ਨਿੱਖੜ ਕੇ ਸਾਹਮਣੇ ਨਹੀਂ ਆ ਪਾਉਂਦੀ।

ਹਰਜੀਤ ਕੌਰ ਨੇ ਸਮਾਜਵਾਦੀ ਆਲੋਚਨਾ-ਦ੍ਰਿਸ਼ਟੀ ਤੋਂ ਸੇਖੋਂ ਦੇ ਨਾਟਕਾਂ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ। ਉਸਨੇ ਸੇਖੋਂ ਦੇ ਨਾਟ-ਸਰੋਕਾਰਾਂ ਦੇ ਪਿਛੋਕੜ ਵਿਚ ਕਾਰਜਸ਼ੀਲ ਨਾਟਕਕਾਰ ਦੀਆਂ ਸਮਾਜਿਕ ਪਰਿਸਥਿਤੀਆਂ ਨੂੰ ਜਾਣਨ ਦਾ ਯਤਨ ਕੀਤਾ ਹੈ, ਜਿਹਨਾਂ 'ਚੋਂ ਸੇਖੋਂ ਦੇ ਨਾਟਕ ਆਪਣਾ ਵਿਸ਼ਾ ਗ੍ਰਹਿਣ

ਕਰਦੇ ਹਨ। ਉਸਨੇ ਸੇਖੋਂ ਦੇ ਨਾਟਕਾਂ ਵਿਚਲੇ ਪਾਤਰਾਂ ਦੀਆਂ ਸਥਿਤੀਆਂ ਨੂੰ ਵਿਭਿੰਨ ਸਮਾਜਿਕ ਪ੍ਰਸੰਗਾਂ ਵਿਚ ਵਿਸ਼ਲੇਸ਼ਤ ਕੀਤਾ ਹੈ।

ਜ਼ਿਆਦਾਤਰ ਖੋਜਾਰਥੀਆਂ ਨੇ ਸੰਤ ਸਿੰਘ ਸੇਖੋਂ ਦੀ ਪ੍ਰਗਤੀਵਾਦੀ ਵਿਚਾਰਧਾਰਕ ਪ੍ਰਤਿਬੱਧਤਾ ਨੂੰ ਆਪਣੇ ਅਧਿਐਨ ਦਾ ਆਧਾਰ ਬਣਾਇਆ ਹੈ। ਖੋਜਾਥੀਆਂ ਨੇ ਸੇਖੋਂ ਦੀਆਂ ਨਾਟ-ਕਿਰਤਾਂ ਦੇ ਰੰਗਮੰਚੀ-ਪੱਖ ਸਬੰਧੀ ਪੂਰਵ-ਪ੍ਰਚਲਿਤ ਧਾਰਨਾਵਾਂ ਦਾ ਕ੍ਰਮਿਕ ਵਿਕਾਸ ਹੀ ਕੀਤਾ ਹੈ। ਖੋਜਾਰਥੀ ਸੰਤ ਸਿੰਘ ਸੇਖੋਂ ਦੀ ਨਾਟਕੀ ਵਿਲੱਖਣਤਾ ਅਤੇ ਉਸਦੇ ਨਾਟ-ਸਿਧਾਂਤ ਦੀ ਸੂਝ ਨੂੰ ਮੁਲਾਂਕਣ ਕਰਨ ਵੱਲ ਘੱਟ ਰੁਝਾਨ ਰਖਦੇ ਹਨ।

ਪੰਜਾਬੀ ਨਾਟਕਕਾਰਾਂ ਸਬੰਧੀ ਵਿਅਕਤੀਗਤ ਪੱਧਰ 'ਤੇ ਹੋਏ ਖੋਜ ਕਾਰਜਾਂ ਵਿਚ ਵਿਸ਼ਿਆਂ ਪੱਖੋਂ ਕਾਫੀ ਦੁਹਰਾਉ ਸਾਹਮਣੇ ਆਉਂਦਾ ਹੈ। ਜ਼ਿਆਦਾਤਰ ਖੋਜਾਰਥੀ ਨਾਟਕਕਾਰਾਂ ਦੀਆਂ ਨਾਟ-ਕਿਰਤਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦਿਆਂ ਇਹਨਾ ਨਾਟ-ਕਿਰਤਾਂ ਦੇ ਵਿਸ਼ੇ ਅਤੇ ਰੂਪਕ ਪੱਖਾਂ ਨੂੰ ਹੀ ਵਿਸ਼ਲੇਸ਼ਤ ਕਰਨ ਵੱਲ ਰੁਚਿਤ ਹਨ। ਖੋਜਾਰਥੀ ਨਿਰੋਲ ਨਾਟਕੀ-ਪਾਠ ਆਧਾਰਿਤ ਅਧਿਐਨ ਕਰਦਿਆਂ ਨਾਟਕ ਰਚਨਾਵਾਂ ਦੇ ਰੰਗਮੰਚੀ-ਪੱਖ ਨੂੰ ਅਧਿਐਨ ਵਿਚ ਸ਼ਾਮਿਲ ਨਹੀ ਕਰਦੇ ਹਨ। ਇਹਨਾਂ ਖੋਜ-ਪ੍ਰਬੰਧਾਂ ਵਿਚ ਅੰਤਰ-ਦ੍ਰਿਸ਼ਟੀਆਂ ਨਾਟ-ਰਚਨਾਵਾਂ ਦੇ ਨਾਟਕੀ-ਪੱਖ ਦੇ ਅਧਿਐਨ ਉੱਤੇ ਭਾਰੂ ਰਹਿੰਦੀ ਹੈ। ਜ਼ਿਆਦਾਤਰ ਖੋਜਾਰਥੀ ਇਹਨਾਂ ਖੋਜ-ਪ੍ਰਬੰਧਾਂ ਵਿਚ ਨਾਟਕਕਾਰ ਦੀ ਨਾਟਕੀ ਚੇਤਨਾ ਦੇ ਸਿਧਾਂਤਕ ਪਹਿਲੂਆਂ ਦੀ ਬਜਾਏ ਇਹਨਾਂ ਨਾਟ-ਕਿਰਤਾਂ ਦੇ ਵਿਸ਼ਲੇਸ਼ਣ ਵੱਲ ਵਧੇਰੇ ਰੁਚਿਤ ਹਨ।

ਇਸ ਵਿਚਾਰ-ਚਰਚਾ ਉਪਰੰਤ ਵੇਖਿਆ ਜਾ ਸਕਦਾ ਹੈ ਕਿ ਖੋਜਾਰਥੀਆਂ ਵੱਲੋਂ ਅਜੇ ਵੀ ਪੁਰਾਣੀ ਪੀੜ੍ਹੀ ਦੇ ਨਾਟਕਕਾਰਾਂ ਨੂੰ ਹੀ ਖੋਜ-ਵਿਸ਼ੇ ਵਜੋਂ ਚੁਣਿਆ ਜਾ ਰਿਹਾ ਹੈ ਜਦਕਿ ਬਹੁਤ ਸਾਰੇ ਨਵੇਂ ਸਮਰੱਥ ਸਮਕਾਲੀ ਨਾਟਕਕਾਰ ਇਸ ਵੇਲੇ ਨਾਟ-ਸਿਰਜਣਾ ਵਿਚ ਕਾਰਜਸ਼ੀਲ ਹਨ। ਉਹਨਾਂ ਦੀਆਂ ਨਾਟ-ਰਚਨਾਵਾਂ ਨੂੰ ਅਧਿਐਨ-ਵਿਸ਼ੇ ਵਜੋਂ ਵਰਤਿਆ ਜਾਣਾ ਚਾਹੀਦਾ ਹੈ ਜਾਂ ਫਿਰ ਨਵੀਨ ਤੇ ਪੁਰਾਤਨ ਨਾਟਕਾਰਾਂ ਨੂੰ ਆਧਾਰ ਬਣਾ ਕੇ ਵਿਭਿੰਨ ਪੱਖਾਂ ਤੋਂ ਤੁਲਨਾਤਮਿਕ ਅਧਿਐਨ ਕੀਤਾ ਜਾ ਸਕਦਾ ਹੈ। ਨਾਟਕਕਾਰਾਂ ਸਬੰਧੀ ਵਿਅਕਤੀਗਤ ਪੱਧਰ 'ਤੇ ਕੀਤੇ ਖੋਜ ਕਾਰਜਾਂ ਵਿਚ ਜ਼ਿਆਦਾਤਰ ਖੋਜਾਰਥੀਆਂ ਦੇ ਅਧਿਐਨ ਦੀ ਸੁਰ ਆਲੋਚਨਾਤਮਕ ਹੋਣ ਦੀ ਬਜਾਏ ਸ਼ਰਧਾਵਾਦੀ ਹੈ, ਜਿਸ ਕਰਕੇ ਖੋਜਾਰਥੀ ਨਾਟਕਕਾਰ ਦੀਆਂ ਨਾਟ-ਰਚਨਾਵਾਂ ਦੇ ਮਾੜੇ ਪੱਖਾਂ ਨੂੰ ਉਜਾਗਰ ਕਰਨ ਤੋਂ ਝਿਜਕਦੇ ਹਨ। ਇਕ ਹੋਰ ਗੰਭੀਰ ਸਮੱਸਿਆ ਨਾਟ-ਵਿਸ਼ਿਆਂ ਵਿਚ ਹੋ ਰਹੇ ਦੁਹਰਾਉ ਨਾਲ ਜੁੜੀ ਹੈ। ਕਿਸੇ ਇਕ ਨਾਟਕਕਾਰ ਜਾਂ ਨਾਟ-ਵਿਸ਼ੇ ਉੱਤੇ ਪਹਿਲਾਂ ਕੋਈ ਖੋਜਾਰਥੀ ਖੋਜ ਕਰਦਾ ਹੈ ਫਿਰ ਕਈ ਸਾਲਾਂ ਬਾਅਦ ਉਸੇ ਵਿਸ਼ੇ ਉੱਤੇ ਕੋਈ ਦੂਸਰਾ ਖੋਜਾਰਥੀ ਖੋਜ ਕਾਰਜ

ਕਰਦਾ ਹੈ। ਮਿਸਾਲ ਵਜੋਂ ਹੇਠ ਲਿਖੇ ਕੁਝ ਖੋਜ-ਪ੍ਰਬੰਧਾਂ ਨੂੰ ਵੇਖਿਆ ਜਾ ਸਕਦਾ ਹੈ:

ਨਾਟਕਕਾਰ ਚਰਨਦਾਸ ਸਿੱਧੂ ਦੇ ਨਾਟਕਾਂ ਸਬੰਧੀ ਤਿੰਨ ਖੋਜ ਕਾਰਜ ਅਜਿਹੇ ਸਾਹਮਣੇ ਆਉਂਦੇ ਹਨ, ਜਿਹਨਾਂ ਦਾ ਸਬੰਧ ਚਰਨਦਾਸ ਸਿੱਧੂ ਦੇ ਨਾਟਕਾਂ ਦਾ ਵਿਸ਼ੈ-ਮੂਲਕ ਅਧਿਐਨ ਨਾਲ ਜੁੜਦਾ ਹੈ:

- ਡਾ. ਚਰਨਦਾਸ ਸਿੱਧੂ ਦਾ ਨਾਟ-ਜਗਤ , ਖੋਜਾਰਥੀ ਰਵਿੰਦਰ ਸਿੰਘ , ਦਿੱਲੀ ਯੂਨੀਵਰਸਿਟੀ, ਦਿੱਲੀ, ਨਿਗਰਾਨ ਡਾ. ਸਤਿੰਦਰ ਸਿੰਘ ਨੂਰ, ਸਾਲ 1994.
- ਚਰਨਦਾਸ ਸਿੱਧੂ ਦੇ ਨਾਟਕਾਂ ਦਾ ਵਸਤੂਗਤ ਅਧਿਐਨ, ਖੋਜਾਰਥੀ ਅਮਰਿੰਦਰ ਕੌਰ , ਪੰਜਾਬੀ ਯੂਨੀਵਰਸਿਟੀ , ਪਟਿਆਲਾ, ਨਿਗਰਾਨ ਡਾ. ਬਲਵਿੰਦਰ ਕੌਰ ਬਰਾੜ ਸਾਲ 2003.
- ਡਾ. ਚਰਨਦਾਸ ਸਿੱਧੂ ਦੇ ਨਾਟਕਾਂ ਦਾ ਆਲੋਚਨਾਤਮਕ ਅਧਿਐਨ , ਖੋਜਾਰਥੀ ਸੁਰਜੀਤ ਸਿੰਘ , ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ, ਨਿਗਰਾਨ ਪ੍ਰੋ. ਬਖਸ਼ੀਸ ਸਿੰਘ , ਸਾਲ 2005.

ਕਈ ਖੋਜਾਰਥੀਆਂ ਨੇ ਨਾਟਕਕਾਰਾਂ ਦੀਆਂ ਨਾਟ-ਕਿਰਤਾਂ ਨੂੰ ਕਿਸੇ ਆਲੋਚਨਾ-ਦ੍ਰਿਸ਼ਟੀ ਤੋਂ ਅਧਿਐਨ-ਵਿਸ਼ਲੇਸ਼ਣ ਕੀਤਾ ਹੈ। ਕੁਝ ਖੋਜ-ਪ੍ਰਬੰਧ ਕਾਲ-ਵੰਡ ਜਾਂ ਪ੍ਰਵਿਰਤੀਆਂ ਅੰਤਰਗਤ ਰਚੇ ਗਏ ਮਿਲਦੇ ਹਨ , ਜਿਹਨਾਂ ਵਿਚ ਨਾਟਕਕਾਰ ਦੇ ਸਿਰਜਣਾਤਮਕ ਸਰੋਕਾਰਾਂ, ਮੰਚ-ਦ੍ਰਿਸ਼ਟੀ, ਵਿਚਾਰਧਾਰਕ ਆਧਾਰ ਆਦਿ ਸਬੰਧੀ ਖੋਜਾਰਥੀਆਂ ਦੀਆਂ ਵਿਭਿੰਨ ਧਾਰਨਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਖੋਜਾਰਥੀਆਂ ਨੇ ਪੰਜਾਬੀ ਨਾਟਕਕਾਰਾਂ ਦੇ ਰੰਗ-ਮੰਚੀ ਪੱਖ ਨੂੰ ਬਹੁਤ ਘੱਟ ਛੁਹਿਆ ਗਿਆ ਹੈ। ਇਹਨਾਂ ਦਾ ਵਧੇਰੇ ਫੋਕਸ ਨਾਟਕਕਾਰਾਂ ਦੇ ਨਾਟਕੀ ਪੱਖ ਨੂੰ ਵਿਸ਼ਲੇਸ਼ਤ ਕਰਨ ਸਬੰਧੀ ਹੀ ਰਹਿੰਦਾ ਹੈ। ਨਾਟਕਕਾਰਾਂ ਦੀਆਂ ਮਹਿਜ਼ ਚੋਣਵੀਆਂ ਨਾਟ-ਰਚਨਾਵਾਂ ਨੂੰ ਆਧਾਰ ਬਣਾਉਂਦੇ ਹੋਏ , ਕਈ ਖੋਜਾਰਥੀ ਕਿਸੇ ਵਿਸ਼ੇਸ਼ ਸਾਹਿਤਕ ਲਹਿਰ , ਪ੍ਰਵਿਰਤੀ ਨਾਲ ਨਾਟਕਕਾਰ ਨੂੰ ਜੋੜਨ ਦਾ ਯਤਨ ਕਰਦੇ ਹਨ।